**16ਵੀਂ ਵਿਧਾਨ ਸਭਾ**

**ਦੂਜਾ (ਬਜਟ) ਸਮਾਗਮ**

**ਪੰਜਾਬ ਵਿਧਾਨ ਸਭਾ**

ਬੁਲੇਟਿਨ ਨੰ: 9

ਵੀਰਵਾਰ, 30 ਜੂਨ, 2022

(ਬਾਅਦ ਦੁਪਿਹਰ ਦੀ ਬੈਠਕ)

(03.30 ਵਜੇ ਬਾਅਦ ਦੁਪਹਿਰ ਤੋਂ 05.54 ਵਜੇ ਸ਼ਾਮ ਤੱਕ)

1. **ਪ੍ਰਸ਼ਨ**

**ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 14 | 2 | 4 | - | 28 |

2. **ਮਾਨਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ**

ਮਾਨਯੋਗ ਸਪੀਕਰ ਵੱਲੋਂ ਸ਼੍ਰੀ ਮੁਹੰਮਦ ਸਦੀਕ, ਮੈਂਬਰ, ਲੋਕ ਸਭਾ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਕਿਹਾ ਗਿਆ।

3. **ਨਿਯਮ 16 ਅਧੀਨ ਪ੍ਰਸਤਾਵ**

ਸਿੱਖਿਆ ਮੰਤਰੀ ਦੁਆਰਾ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ:

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

4. **ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ**

ਸਿੱਖਿਆ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: III ਅਧੀਨ ਦਰਸਾਏ ਗਏ ਲੜੀ ਨੰ: 1 ਅਤੇ 2 ਵਿੱਚ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

5. **ਵਿਧਾਨਕ ਕੰਮ-ਕਾਰ**

I. **ਪੰਜਾਬ ਰੂਰਲ ਡਿਵੈਲਪਮੈਂਟ (ਸੋਧਨਾ) ਬਿਲ, 2022**

ਵਿੱਤ ਮੰਤਰੀ ਨੇ ਪੰਜਾਬ ਰੂਰਲ ਡਿਵੈਲਪਮੈਂਟ (ਸੋਧਨਾ) ਬਿਲ, 2022 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਪੰਜਾਬ ਰੂਰਲ ਡਿਵੈਲਪਮੈਂਟ (ਸੋਧਨਾ) ਬਿਲ, 2022 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

II. <u>ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2022</u>

ਵਿੱਤ ਮੰਤਰੀ ਨੇ ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2022 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਏ।

ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2022 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

III. <u>ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਜ਼ ਰੈਗੂਲੇਸ਼ਨ) ਸੋਧ ਬਿਲ, 2022</u>

ਸਿੱਖਿਆ ਮੰਤਰੀ ਨੇ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਜ਼ ਰੈਗੂਲੇਸ਼ਨ) ਸੋਧ ਬਿਲ, 2022 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਨਿਮਨਲਿਖਤ ਮੈਂਬਰਾਂ ਨੇ ਬਿਲ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| I. | ਸ. ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ | 01 ਮਿੰਟ |
| II. | ਡਾ. ਸੁਖਵਿੰਦਰ ਕੁਮਾਰ ਸੁੱਖੀ, ਸ਼੍ਰੋਮਣੀ ਅਕਾਲੀ ਦਲ | 07 ਮਿੰਟ |
| III. | ਸ. ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | 02 ਮਿੰਟ |
| IV. | ਸ੍ਰੀ ਜੰਗੀ ਲਾਲ ਮਹਾਜਨ, ਭਾਰਤੀ ਜਨਤਾ ਪਾਰਟੀ | 01 ਮਿੰਟ |

ਸ. ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਬਿਲ ਤੇ ਹੋਈ ਬਹਿਸ ਵਿੱਚ ਹਿੱਸਾ ਲੈਂਦੇ ਹੋਏ 01 ਮਿੰਟ ਲਈ ਬੋਲੇ।

ਸ੍ਰੀ ਭਗਵੰਤ ਮਾਨ, ਮੁੱਖ ਮੰਤਰੀ ਬਿਲ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ 02 ਮਿੰਟ ਲਈ ਬੋਲੇ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਸਿੱਖਿਆ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਜ਼ ਰੈਗੂਲੇਸ਼ਨ) ਸੋਧ ਬਿਲ, 2022 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

IV. **ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2022**

ਵਿੱਤ ਮੰਤਰੀ ਨੇ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2022 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਨਿਮਨਲਿਖਤ ਮੈਂਬਰਾਂ ਨੇ ਬਿਲ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

1) ਸ. ਸੁਖਪਾਲ ਸਿੰਘ ਖਹਿਰਾ, ਇੰਡੀਅਨ ਨੈਸ਼ਨਲ ਕਾਂਗਰਸ — 03 ਮਿੰਟ
2) ਸ੍ਰੀ ਅਵਤਾਰ ਸਿੰਘ ਜੂਨੀਅਰ, ਇੰਡੀਅਨ ਨੈਸ਼ਨਲ ਕਾਂਗਰਸ — 01 ਮਿੰਟ

ਸ. ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਬਿਲ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ 03 ਮਿੰਟ ਲਈ ਬੋਲੇ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2022 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

6. **ਮਾਨਯੋਗ ਮੁੱਖ ਮੰਤਰੀ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ ਸੂਚਨਾ**

ਸ੍ਰੀ ਭਗਵੰਤ ਮਾਨ, ਮਾਨਯੋਗ ਮੁੱਖ ਮੰਤਰੀ ਦੁਆਰਾ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਸਦਨ ਨੂੰ ਸੂਚਿਤ ਕੀਤਾ ਗਿਆ।

7. **ਮਾਨਯੋਗ ਸਪੀਕਰ ਵੱਲੋਂ ਧੰਨਵਾਦ**

ਮਾਨਯੋਗ ਸਪੀਕਰ ਵੱਲੋਂ 16ਵੀਂ ਵਿਧਾਨ ਸਭਾ ਦੇ ਸਾਰੇ ਮਾਨਯੋਗ ਮੈਂਬਰਾਂ ਦਾ ਬਜਟ ਸ਼ੈਸ਼ਨ ਨੂੰ ਸ਼ਾਂਤੀ ਪੂਰਵਕ ਢੰਗ ਨਾਲ ਮੁਕੰਮਲ ਕਰਨ ਵਿਚ ਪਾਏ ਵੱਡਮੁੱਲੇ ਯੋਗਦਾਨ ਲਈ ਦਿਲੋਂ ਧੰਨਵਾਦ ਕੀਤਾ ਗਿਆ। ਉਨ੍ਹਾਂ ਨੇ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਸੂਬੇ ਦੀ ਭਲਾਈ ਲਈ ਪ੍ਰਸਤਾਵਾਂ ਤੇ ਇੱਕ-ਮੱਤ ਹੋ ਕੇ ਸਮਰਥਨ ਦੇਣ ਲਈ ਖਾਸ ਤੌਰ ਤੇ ਧੰਨਵਾਦ ਕੀਤਾ। ਉਨ੍ਹਾਂ ਵੱਲੋਂ ਯਕੀਨ ਪ੍ਰਗਟ ਕੀਤਾ ਗਿਆ ਕਿ ਆਉਣ ਵਾਲੇ ਸਮੇਂ ਵਿਚ ਵੀ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ ਅਤੇ ਸਾਰੇ ਮਿਲ ਕੇ ਸਦਨ ਦੇ ਸੰਚਾਲਣ, ਇਸ ਦੀ ਨਿਰਵਿਘਨ ਕਾਰਵਾਈ ਅਤੇ ਸਦਨ ਤੋਂ ਬਾਹਰ ਵੀ ਲੇਖੇ ਲਗਾਏ ਗਏ ਕੰਮਾਂ ਨੂੰ ਨੇਪਰੇ ਚਾੜ੍ਹਨ ਵਿਚ ਕਾਮਯਾਬ ਹੋਵਾਂਗੇ।

ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।

**ਸੁਰਿੰਦਰ ਪਾਲ**
**ਸਕੱਤਰ।**

**ਚੰਡੀਗੜ੍ਹ।**
**30 ਜੂਨ, 2022**

7/7/22
Principal Chief Reporter
Punjab Vidhan Sabha
Chandigrah